# ਜਿਨਸੀ ਪਰੇਸ਼ਾਨੀ ਨੂੰ ਰੋਕਣ ਵਾਲੀ ਵਿਦਿਆਰਥੀ ਨੀਤੀ ਦਾ ਨੋਟਿਸ

## BP/AR 5145.7 - ਜਿਨਸੀ ਪਰੇਸ਼ਾਨੀ; BP/AR 1312.3 - ਇਕਸਾਰ ਸ਼ਿਕਾਇਤ ਪ੍ਰਕਿਰਿਆਵਾਂ

ਏਲਕ ਗ੍ਰੋਵ ਯੂਨੀਫਾਈਡ ਸਕੂਲ ("ਡਿਸਟ੍ਰਿਕਟ") ਸਕੂਲ ਵਿੱਚ, ਜਾਂ ਸਕੂਲ ਦੁਆਰਾ ਸਪਾਂਸਰ ਕੀਤੇ ਜਾਂ ਸਕੂਲ ਨਾਲ ਸੰਬੰਧਿਤ ਸਮਾਗਮਾਂ ਵਿੱਚ ਕਿਸੇ ਦੇ ਵੀ ਦੁਆਰਾ ਵਿਦਿਆਰਥੀ ਨਾਲ ਕੀਤੀ ਗਈ ਜਿਨਸੀ ਪਰੇਸ਼ਾਨੀ ਦੀ ਮਨਾਹੀ ਕਰਦਾ ਹੈ। ਡਿਸਟ੍ਰਿਕਟ ਸਾਰੇ ਵਿਦਿਆਰਥੀਆਂ ਨੂੰ ਜ਼ੋਰ ਦੇ ਕੇ ਉਤਸ਼ਾਹਿਤ ਕਰਦਾ ਹੈ ਕਿ ਉਹ ਜਿਨਸੀ ਪਰੇਸ਼ਾਨੀ ਦੀਆਂ ਸ਼ੱਕੀ ਘਟਨਾਵਾਂ ਦੀ ਡਿਸਟ੍ਰਿਕਟ ਦੇ ਲੀਗਲ ਕੰਪਲਾਇੰਸ ਸਪੈਸ਼ਲਿਸਟ (ਕਾਨੂੰਨੀ ਪਾਲਣਾ ਵਿਸ਼ੇਸ਼ੱਗ) ਜਾਂ ਕਿਸੇ ਵੀ ਸਕੂਲ ਸਾਈਟ ਐਡਮਿਨਿਸਟ੍ਰੇਟਰ ਨੂੰ ਰਿਪੋਰਟ ਕਰਨ, ਉਸ ਵੇਲੇ ਵੀ ਜਦੋਂ ਪਰੇਸ਼ਾਨੀ ਦੇ ਸੰਭਾਵੀ ਪੀੜਤ ਨੇ ਸ਼ਿਕਾਇਤ ਨਾ ਕੀਤੀ ਹੋਵੇ। ਕੋਈ ਵੀ ਕਰਮਚਾਰੀ ਜੋ ਸ਼ੱਕੀ ਜਿਨਸੀ ਪਰੇਸ਼ਾਨੀ ਦੀ ਰਿਪੋਰਟ ਪ੍ਰਾਪਤ ਕਰਦਾ ਹੈ ਜਾਂ ਇਸਦੀ ਕਿਸੇ ਘਟਨਾ ਨੂੰ ਵੇਖਦਾ ਹੈ, ਨੂੰ ਡਿਸਟ੍ਰਿਕਟ ਦੇ ਲੀਗਲ ਕੰਪਲਾਇੰਸ ਸਪੈਸ਼ਲਿਸਟ ਜਾਂ ਸਕੂਲ ਸਾਈਟ ਐਡਮਿਨਿਸਟ੍ਰੇਟਰ ਨੂੰ ਸੂਚਿਤ ਕਰਨਾ ਚਾਹੀਦਾ ਹੈ। ਡਿਸਟ੍ਰਿਕਟ ਜਿਨਸੀ ਪਰੇਸ਼ਾਨੀ ਦੀ ਸ਼ਿਕਾਇਤ ਕਰਨ ਵਾਲੇ ਜਾਂ ਸ਼ੱਕੀ ਦੁਰਵਿਹਾਰ ਦੀ ਜਾਂਚ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨਾਲ ਬਦਲੇ ਵਾਲੇ ਵਿਹਾਰ 'ਤੇ ਪਾਬੰਦੀ ਲਗਾਉਂਦਾ ਹੈ। ਕਿਸੇ ਵੀ ਵਿਦਿਆਰਥੀ ਦੁਆਰਾ ਜਾਂ ਉਸ ਤਰਫ਼ੋਂ ਕੀਤੀਆਂ ਗਈਆਂ ਜਿਨਸੀ ਪਰੇਸ਼ਾਨੀ ਦੀਆਂ ਸਾਰੀਆਂ ਸ਼ਿਕਾਇਤਾਂ 'ਤੇ ਡਿਸਟ੍ਰਿਕਟ ਐਡਮਿਨਿਸਟ੍ਰੇਟਿਵ ਰੈਗੁਲੇਸ਼ਨ ("AR") 1312.3 - ਇਕਸਾਰ ਸ਼ਿਕਾਇਤ ਪ੍ਰਕਿਰਿਆਵਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ, ਜਿਸਦੀ ਇੱਕ ਕਾਪੀ ਡਿਸਟ੍ਰਿਕਟ ਦੀ ਵੈੱਬਸਾਈਟ 'ਤੇ ਉਪਲਬਧ ਹੈ ਅਤੇ ਫਰੰਟ ਆਫਿਸ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਅਜਿਹੇ ਵਿਹਾਰ, ਜਿਸਦੀ ਮਨਾਹੀ ਹੈ ਅਤੇ ਜਿਸ ਵਿੱਚ ਜਿਨਸੀ ਪਰੇਸ਼ਾਨੀ ਸ਼ਾਮਲ ਹੋ ਸਕਦਾ ਹੈ, ਭਾਵੇਂ ਇਹ ਪਰੇਸ਼ਾਨੀ ਇੱਕੋ ਲਿੰਗ ਵਾਲੇ ਵਿਅਕਤੀਆਂ ਦੇ ਵਿਚਕਾਰ ਹੋਵੇ ਜਾਂ ਵਿਰੋਧੀ ਲਿੰਗ ਵਾਲੇ ਵਿਅਕਤੀਆਂ ਦੇ ਵਿਚਕਾਰ, ਦੀਆਂ ਉਦਾਹਰਨਾਂ ਵਿੱਚ ਸ਼ਾਮਲ ਹਨ:

1. ਅਣਚਾਹੇ ਤਰੀਕੇ ਨਾਲ ਦੇਖਣਾ, ਜਿਨਸੀ ਮਜ਼ਾਕ, ਜਾਂ ਪ੍ਰਸਤਾਵ
2. ਅਣਚਾਹੀਆਂ ਜਿਨਸੀ ਤੁਹਮਤਾਂ, ਨਾਮ ਰੱਖਣੇ, ਧਮਕੀਆਂ, ਜ਼ੁਬਾਨੀ ਦੁਰਵਿਹਾਰ, ਅਪਮਾਨਜਨਕ ਟਿੱਪਣੀਆਂ, ਜਾਂ ਜਿਨਸੀ ਤੌਰ 'ਤੇ ਅਪਮਾਨਿਤ ਕਰਨ ਵਾਲੇ ਵਰਣਨ
3. ਕਿਸੇ ਵਿਅਕਤੀ ਦੇ ਸਰੀਰ ਬਾਰੇ ਸਪੱਸ਼ਟ ਜ਼ੁਬਾਨੀ ਟਿੱਪਣੀਆਂ ਜਾਂ ਬਹੁਤ ਜ਼ਿਆਦਾ ਨਿੱਜੀ ਗੱਲਬਾਤ
4. ਜਿਨਸੀ ਚੁਟਕਲੇ, ਅਪਮਾਨਜਨਕ ਪੋਸਟਰ, ਨੋਟ, ਕਹਾਣੀਆਂ, ਕਾਰਟੂਨ, ਡਰਾਇੰਗਾਂ, ਤਸਵੀਰਾਂ, ਅਸ਼ਲੀਲ ਇਸ਼ਾਰੇ, ਜਾਂ ਕੰਪਿਊਟਰ ਦੁਆਰਾ ਤਿਆਰ ਕੀਤੇ ਜਿਨਸੀ ਪ੍ਰਕਿਰਤੀ ਦੇ ਚਿੱਤਰ
5. ਜਿਨਸੀ ਅਫਵਾਹਾਂ ਫੈਲਾਉਣੀਆਂ
6. ਮੁੱਖ ਤੌਰ 'ਤੇ ਇੱਕ-ਲਿੰਗ ਵਾਲੀ ਕਲਾਸ ਵਿੱਚ ਦਾਖਲ ਹੋਏ ਵਿਦਿਆਰਥੀਆਂ ਨੂੰ ਛੇੜਨਾ ਜਾਂ ਉਹਨਾਂ ਬਾਰੇ ਜਿਨਸੀ ਟਿੱਪਣੀਆਂ ਕਰਨੀਆਂ
7. ਮਾਲਸ਼ ਕਰਨਾ, ਫੜਨਾ, ਹੱਥਾਂ ਨਾਲ ਦੁਲਾਰਨਾ, ਸਹਿਲਾਉਣਾ ਜਾਂ ਸਰੀਰ ਨੂੰ ਹਲਕੇ ਜਿਹੇ ਛੂਹਣਾ
8. ਕਿਸੇ ਵਿਅਕਤੀ ਦੇ ਸਰੀਰ ਜਾਂ ਕੱਪੜਿਆਂ ਨੂੰ ਜਿਨਸੀ ਢੰਗ ਨਾਲ ਛੂਹਣਾ
9. ਲਿੰਗ ਦੇ ਅਧਾਰ 'ਤੇ ਕਿਸੇ ਵਿਅਕਤੀ ਦੇ ਆਉਣ-ਜਾਣ ਵਿੱਚ ਵਿਘਨ ਜਾਂ ਰੁਕਾਵਟ ਪਾਉਣੀ ਜਾਂ ਸਕੂਲੀ ਗਤੀਵਿਧੀਆਂ ਵਿੱਚ ਕੋਈ ਸਰੀਰਕ ਦਖਲਅੰਦਾਜ਼ੀ ਕਰਨੀ
10. ਜਿਨਸੀ ਸੰਕੇਤ ਕਰਨ ਵਾਲੀਆਂ ਵਸਤੂਆਂ ਪ੍ਰਦਰਸ਼ਿਤ ਕਰਨਾ
11. ਜਿਨਸੀ ਹਿੰਸਾ, ਜਿਸ ਵਿੱਚ ਜਿਨਸੀ ਹਮਲੇ, ਜਿਨਸੀ ਕੁੱਟਮਾਰ, ਜਾਂ ਜਿਨਸੀ ਜ਼ਬਰਦਸਤੀ ਸ਼ਾਮਲ ਹੈ
12. ਇਲੈਕਟ੍ਰੋਨਿਕ ਸੰਚਾਰ, ਜਿਵੇਂ ਕਿ ਸੋਸ਼ਲ ਮੀਡੀਆ ਜਾਂ ਟੈਕਸਟ ਸੁਨੇਹਿਆਂ ਰਾਹੀਂ, ਜਿਸ ਵਿੱਚ ਟਿੱਪਣੀਆਂ, ਸ਼ਬਦ ਜਾਂ ਉੱਪਰ ਦੱਸੇ ਗਏ ਚਿੱਤਰ ਸ਼ਾਮਲ ਹਨ

**ਜਿਨਸੀ ਪਰੇਸ਼ਾਨੀ ਦੀ ਸ਼ਿਕਾਇਤ ਦਰਜ ਕਰਨ ਜਾਂ ਇਸ ਪੋਸਟਿੰਗ ਨਾਲ ਸੰਬੰਧਿਤ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ, ਤੁਸੀਂ ਹੇਠਾਂ ਦਿੱਤੇ ਜਾਂ ਕਿਸੇ ਸਕੂਲ ਸਾਈਟ ਐਡਮਿਨਿਸਟ੍ਰੇਟਰ ਨਾਲ ਸੰਪਰਕ ਕਰ ਸਕਦੇ ਹੋ:**

**ਲੀਗਲ ਕੰਪਲਾਇੰਸ ਸਪੈਸ਼ਲਿਸਟ, ਹਿਊਮਨ ਰਿਸੋਰਸਿਜ਼ ਟੈਲੀਫੋਨ: (916) 686-7793 ਈਮੇਲ: TitleIX@egusd.net**

ਜਿਨਸੀ ਪਰੇਸ਼ਾਨੀ ਦੀਆਂ ਘਟਨਾਵਾਂ ਦੀ ਰਿਪੋਰਟ ਕਰਨ ਵਾਲੇ ਵਿਦਿਆਰਥੀ (ਸ਼ਿਕਾਇਤ ਕਰਤਾ ਅਤੇ/ਜਾਂ ਪੀੜਤ):

- ਨੂੰ ਡਿਸਟ੍ਰਿਕਟ ਕੋਲ ਰਸਮੀ ਲਿਖਤੀ ਸ਼ਿਕਾਇਤ ਦਾਇਰ ਕਰਨ ਦਾ ਅਧਿਕਾਰ ਹੈ।
- ਦੀ ਸ਼ਿਕਾਇਤ ਮਿਲਣ 'ਤੇ ਡਿਸਟ੍ਰਿਕਟ/ਸਕੂਲ ਸਾਈਟ ਦੁਆਰਾ ਸਹਾਇਤਾ ਸੇਵਾਵਾਂ ਮੁਹੱਈਆ ਕੀਤੀਆਂ ਜਾਣਗੀਆਂ, ਜਿਸ ਵਿੱਚ ਕਾਉਂਸਲਿੰਗ, ਅਕਾਦਮਿਕ ਸਹਾਇਤਾ ਸੇਵਾਵਾਂ, ਅਤੇ/ਜਾਂ "ਕੋਈ ਸੰਪਰਕ ਨਹੀਂ" ਆਰਡਰ ਸ਼ਾਮਲ ਹੋ ਸਕਦੇ ਹਨ।
- ਆਪਣੀ ਸ਼ਿਕਾਇਤ ਨੂੰ ਗੈਰ ਰਸਮੀ ਤੌਰ 'ਤੇ ਹੱਲ ਕਰਨ ਦੀਆਂ ਪ੍ਰਕਿਰਿਆਵਾਂ ਵਿੱਚ ਸ਼ਾਮਲ ਹੋਣ ਲਈ ਸਹਿਮਤ ਹੋ ਸਕਦੇ ਹਨ, AR 1312.3 ਦੇ ਅਨੁਸਾਰ ਜਿਵੇਂ ਵੀ ਉਚਿਤ ਹੋਵੇ।
- ਨੂੰ ਉਸਦੀ ਸ਼ਿਕਾਇਤ ਨਾਲ ਜੁੜੇ ਸਬੂਤ ਦੱਸਣ ਅਤੇ ਮੁਹੱਈਆ ਕਰਨ ਦਾ ਮੌਕਾ ਦਿੱਤਾ ਜਾਵੇਗਾ।
- ਨੂੰ ਆਪਣੀ ਸ਼ਿਕਾਇਤ ਦੇ ਨਤੀਜੇ ਦਾ ਨੋਟਿਸ ਪ੍ਰਾਪਤ ਹੋਵੇਗਾ, ਜਿਵੇਂ ਕਿ AR 1312.3 ਵਿੱਚ ਵਰਣਨ ਕੀਤਾ ਗਿਆ ਹੈ।
- ਨੂੰ ਇਸ ਬਾਰੇ ਜਾਣਕਾਰੀ ਮਿਲੇਗੀ ਕਿ ਜੇ ਉਹ ਨਤੀਜੇ ਨਾਲ ਸਹਿਮਤ ਨਹੀਂ ਹੈ ਤਾਂ ਆਪਣੀ ਸ਼ਿਕਾਇਤ ਦੇ ਨਤੀਜੇ ਬਾਰੇ ਕੈਲੀਫੋਰਨੀਆ ਡਿਪਾਰਟਮੈਂਟ ਆਫ ਐਜੁਕੇਸ਼ਨ ਨੂੰ ਅਪੀਲ ਕਿਵੇਂ ਕਰਨੀ ਹੈ, ਜਿਵੇਂ ਕਿ AR 1312.3 ਵਿੱਚ ਵਰਣਨ ਕੀਤਾ ਗਿਆ ਹੈ।
- ਆਪਣੀ ਸ਼ਿਕਾਇਤ ਸਿੱਧਾ ਯੂ.ਐੱਸ. ਡਿਪਾਰਟਮੈਂਟ ਆਫ਼ ਐਜੂਕੇਸ਼ਨ, ਸਿਵਲ ਰਾਈਟਸ ਦੇ ਦਫਤਰ ਕੋਲ ਦਾਇਰ ਕਰ ਸਕਦਾ ਹੈ।

ਸ਼ਿਕਾਇਤ ਵਿੱਚ ਨਾਮਿਤ ਵਿਅਕਤੀ (ਉੱਤਰਦਾਤਾ/ਕਥਿਤ ਅਪਰਾਧੀ):

- ਨੂੰ ਉਸਦੇ ਵਿਰੁੱਧ ਦਿੱਤੇ ਗਏ ਦਾਅਵਿਆਂ ਬਾਰੇ ਜਾਣੂ ਕਰਵਾਇਆ ਜਾਵੇਗਾ।
- ਜਿਸ ਦੌਰਾਨ ਉਹਨਾਂ ਦੇ ਵਿਰੁੱਧ ਕੋਈ ਵੀ ਸ਼ਿਕਾਇਤ ਵਿਚਾਰ-ਅਧੀਨ ਹੁੰਦੀ ਹੈ, ਉਹਨਾਂ ਨੂੰ ਡਿਸਟ੍ਰਿਕਟ/ਸਕੂਲ ਸਾਈਟ ਦੁਆਰਾ ਸਹਾਇਤਾ ਸੇਵਾਵਾਂ ਮੁਹੱਈਆ ਕੀਤੀਆਂ ਜਾਣਗੀਆਂ, ਜਿਸ ਵਿੱਚ ਕਾਉਂਸਲਿੰਗ, ਅਕਾਦਮਿਕ ਸਹਾਇਤਾ ਸੇਵਾਵਾਂ, ਅਤੇ/ਜਾਂ "ਕੋਈ ਸੰਪਰਕ ਨਹੀਂ" ਆਰਡਰ ਸ਼ਾਮਲ ਹੋ ਸਕਦੇ ਹਨ।
- ਉਹਨਾਂ ਵਿਰੁੱਧ ਕੀਤੀ ਗਈ ਸ਼ਿਕਾਇਤ ਨੂੰ ਗੈਰ ਰਸਮੀ ਤੌਰ 'ਤੇ ਹੱਲ ਕਰਨ ਦੀਆਂ ਪ੍ਰਕਿਰਿਆਵਾਂ ਵਿੱਚ ਸ਼ਾਮਲ ਹੋਣ ਲਈ ਸਹਿਮਤ ਹੋ ਸਕਦੇ ਹਨ, AR 1312.3 ਦੇ ਅਨੁਸਾਰ ਜਿਵੇਂ ਵੀ ਉਚਿਤ ਹੋਵੇ।
- ਨੂੰ ਸ਼ਿਕਾਇਤ ਦਾ ਜਵਾਬ ਦੇਣ ਅਤੇ ਇਸ ਨਾਲ ਜੁੜੇ ਸਬੂਤ ਮੁਹੱਈਆ ਕਰਨ ਦਾ ਮੌਕਾ ਦਿੱਤਾ ਜਾਵੇਗਾ।
- ਨੂੰ ਉਹਨਾਂ ਵਿਰੁੱਧ ਕੀਤੀ ਗਈ ਸ਼ਿਕਾਇਤ ਦੇ ਨਤੀਜੇ ਦਾ ਨੋਟਿਸ ਪ੍ਰਾਪਤ ਹੋਵੇਗਾ, ਜਿਵੇਂ ਕਿ AR 1312.3 ਵਿੱਚ ਵਰਣਨ ਕੀਤਾ ਗਿਆ ਹੈ।

ਡਿਸਟ੍ਰਿਕਟ/ਸਕੂਲ ਸਾਈਟ ਦੁਆਰਾ:

- ਜਿਨਸੀ ਪਰੇਸ਼ਾਨੀ ਦੀਆਂ ਸ਼ਿਕਾਇਤਾਂ ਦੀ ਰਿਪੋਰਟ ਡਿਸਟ੍ਰਿਕਟ ਦੇ ਲੀਗਲ ਕੰਪਲਾਇੰਸ ਸਪੈਸ਼ਲਿਸਟ ਜਾਂ ਪ੍ਰਕਿਰਿਆ ਕਰਨ ਲਈ ਮਨੋਨੀਤ ਵਿਅਕਤੀ ਨੂੰ ਕੀਤੀ ਜਾਵੇਗੀ। ਮਨੋਨੀਤ ਵਿਅਕਤੀ ਸ਼ਿਕਾਇਤ ਦੀ ਜਾਂਚ-ਪੜਤਾਲ ਸ਼ੁਰੂ ਕਰੇਗਾ। ਜਾਂਚ-ਪੜਤਾਲ ਦੇ ਸਮਾਪਤ ਹੋਣ 'ਤੇ, ਮਨੋਨੀਤ ਵਿਅਕਤੀ AR 1312.3 ਦੇ ਅਨੁਸਾਰ ਸ਼ਿਕਾਇਤਕਰਤਾ/ਪੀੜਤ ਅਤੇ ਉੱਤਰਦਾਤਾ/ਕਥਿਤ ਅਪਰਾਧੀ ਨੂੰ ਨਤੀਜੇ ਦੇ ਨੋਟਿਸ ਜਾਰੀ ਕਰੇਗਾ।
- ਜਿਸ ਦੌਰਾਨ ਸ਼ਿਕਾਇਤ ਵਿਚਾਰ-ਅਧੀਨ ਹੁੰਦੀ ਹੈ, ਸ਼ਿਕਾਇਤਕਰਤਾ/ਪੀੜਤ ਅਤੇ ਉੱਤਰਦਾਤਾ/ਕਥਿਤ ਅਪਰਾਧੀ ਲਈ ਸਹਾਇਤਾ ਸੇਵਾਵਾਂ ਮੁਹੱਈਆ ਕਰਨ ਵਿੱਚ ਸਹਾਇਤਾ ਕੀਤੀ ਜਾਵੇਗੀ।
- ਜਿਨਸੀ ਪਰੇਸ਼ਾਨੀ ਦੀਆਂ ਸਾਰੀਆਂ ਸ਼ਿਕਾਇਤਾਂ ਅਤੇ ਦੋਸ਼ਾਂ ਨੂੰ ਗੁਪਤ ਰੱਖਿਆ ਜਾਵੇਗਾ, ਸਿਵਾਏ ਉਸਦੇ ਜਦੋਂ ਜਾਂਚ-ਪੜਤਾਲ ਕਰਨ ਜਾਂ ਬਾਅਦ ਦੀਆਂ ਹੋਰ ਜ਼ਰੂਰੀ ਕਾਰਵਾਈਆਂ ਕਰਨ ਲਈ ਖੁਲਾਸ ਕਰਨਾ ਜ਼ਰੂਰੀ ਹੋਵੇ।
- ਡਿਸਟ੍ਰਿਕਟ ਦੀ ਨੀਤੀ ਦੀ ਉਲੰਘਣਾ ਹੋਣ ਦੇ ਮਾਮਲੇ ਵਿੱਚ ਉਚਿਤ ਦਰੁਸਤੀ ਕਾਰਵਾਈਆਂ ਲਾਗੂ ਕੀਤੀਆਂ ਜਾਣਗੀਆਂ।